Punjab Government Gazette

Published by Authority

No. 2] CHANDIGARH, FRIDAY, JANUARY 9, 2026 (PAUSA 19, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

(ਮੰਡੀ ਸ਼ਾਖਾ)

ਅਧਿਸੂਚਨਾਂ

ਮਿਤੀ 18 ਨਵੰਬਰ, 2025

ਨੰ: 1/1/2023-ਮ-5/24160.- ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ ਐਕਟ, 1961 ਅਤੇ ਇਸ ਸਬੰਧੀ ਸਮਰੱਥਾ ਦੇਣ ਵਾਲੇ ਹੋਰਨਾਂ ਸਾਰੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਸ਼੍ਰੀ ਅਸੋਕ ਸਿਰਸਵਾਲ ਪੁੱਤਰ ਸ਼੍ਰੀ ਕਰਨੈਲ ਸਿੰਘ ਵਾਸੀ ਮਕਾਨ ਨੰ:11/1-ਡੀ ਗਲੀ ਨੰ.4 ਬਾਬੂ ਸਿੰਘ ਕਲੋਨੀ, ਪਟਿਆਲਾ ਨੂੰ ਐਕਟ ਦੀ ਧਾਰਾ 12(2)(c)(iii) ਤਹਿਤ ਤੋਲਾ ਕੈਟਾਗਿਰੀ ਵਿੱਚ ਮਾਰਕੀਟ ਕਮੇਟੀ ਪਟਿਆਲਾ ਦਾ ਮੈਂਬਰ ਅਤੇ ਐਕਟ ਦੀ ਧਾਰਾ 16(1) ਤਹਿਤ ਚੇਅਰਮੈਨ ਨਾਮਜਦ ਕਰਦੇ ਹਨ।

2. ਉਪਰੋਕਤ ਮੈਬਰ ਤੋਂ ਇਲਾਵਾ ਬਾਕੀ ਰਹਿੰਦੇ ਮੈਂਬਰਾਂ ਦੀ ਨਿਯੁਕਤੀ ਨਾ ਹੋਣ ਕਾਰਨ ਨਵ ਨਿਯੁਕਤ ਚੇਅਰਮੈਨ ਕੋਲ ਕੋਰਮ ਪੂਰਾ ਨਾ ਹੋਣ ਕਾਰਨ ਮਾਰਕਿਟ ਕਮੇਟੀ ਦਾ ਕੰਮ ਕਾਜ ਚਲਾਉਣ ਦਾ ਕੋਈ ਅਧਿਕਾਰ ਨਹੀਂ ਰਹਿ ਜਾਂਦਾ ਹੈ। ਇਸ ਲਈ ਜਦੋ ਤੱਕ ਬਾਕੀ ਰਹਿੰਦੇ ਮੈਬਰਾਂ ਦੀ ਨਿਯੁਕਤੀ ਨਹੀ ਹੋ ਜਾਂਦੀ ਉਦੋ ਤੱਕ ਨਵ ਨਾਮਜਦ ਮੈਬਰ/ਚੇਅਰਮੈਨ ਨੂੰ ਧਾਰਾ 12(3) ਤਹਿਤ ਕੰਮ ਕਾਜ ਦੀ ਸਕਤੀ ਪ੍ਰਦਾਨ ਕੀਤੀ ਜਾਂਦੀ ਹੈ।

ਸਹੀ/-

ਅਰਸ਼ਦੀਪ ਸਿੰਘ ਥਿੰਦ

ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ।

3603/I-2026/Pb. Govt. Press, S.A.S. Nagar